# BUHDA DAL PUBLIC SCHOOL PATIALA
## First Term Examination (25 August 2025)
**Class - XII**
**Paper - Punjabi - 104 (Set-B)**

**Time: 3 hrs.** **MM: 80**

ਆਮ ਨਿਰਦੇਸ਼:
1. ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਦਿੱਤੀ ਗਈ ਅੰਦਰੂਨੀ ਚੋਣ ਨੂੰ ਧਿਆਨ ਨਾਲ ਵੇਖ ਕੇ ਨਿਰਦੇਸ਼ਾਂ ਅਨੁਸਾਰ ਹੱਲ ਕੀਤਾ ਜਾਵੇ।
2. ਲਿਖਾਈ ਸਾਫ਼ ਅਤੇ ਸ਼ੁੱਧ ਲਿਖੀ ਜਾਵੇ।
3. ਸਹੀ ਪ੍ਰਸ਼ਨ ਨੰਬਰ ਲਿਖ ਕੇ ਉੱਤਰਾਂ ਨੂੰ ਧਿਆਨ ਨਾਲ ਉੱਤਰ-ਸ਼ੀਟ 'ਤੇ ਲਿਖਿਆ ਜਾਵੇ।

**ਅਡਵਾਂਸ ਪੜ੍ਹਨ-ਕੌਸ਼ਲ**

ਪ੍ਰ1. ਹੇਠਾਂ ਲਿਖੇ ਵਾਰਤਕ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਹੇਠਾਂ ਪੁੱਛੇ ਗਏ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਉਹਨਾਂ ਵਿੱਚੋਂ ਚੁਣ ਕੇ ਲਿਖੋ : (8×1=8)

ਆਦਰਸ਼ ਮਨੁੱਖ ਦੇ ਜੀਵਨ ਦਾ ਆਧਾਰ ਹੀ ਨੈਤਿਕ ਕਦਰਾਂ ਕੀਮਤਾਂ ਹਨ। ਨੈਤਿਕ ਕਦਰਾਂ ਕੀਮਤਾਂ ਉਹ ਸਦਾਚਾਰਕ ਕੀਮਤਾਂ ਹਨ ਜੋ ਪਰਿਵਾਰ ਤੇ ਸਮਾਜ ਵਿੱਚੋਂ ਨਫ਼ਰਤ ਰੂਪੀ ਜ਼ਹਿਰ ਕੱਢ ਕੇ ਮਿਲਵਰਤਨ ਵਰਗੀਆਂ ਭਾਵਨਾਵਾਂ ਨੂੰ ਵਧਾਉਂਦੀਆਂ ਹਨ। ਪਰਿਵਾਰ ਸਮਾਜ ਦੀ ਮੁੱਢਲੀ ਇਕਾਈ ਹੈ ਤੇ ਹਰ ਪਰਿਵਾਰ ਅੰਦਰ ਪਿਆਰ ਤੇ ਮਿਲਵਰਤਨ ਦੀਆਂ ਭਾਵਨਾ ਦਾ ਉਤਪੰਨ ਹੋਣਾ ਜ਼ਰੂਰੀ ਹੈ। ਜਿਸ ਪਰਿਵਾਰ ਵਿੱਚ ਪਿਆਰ, ਸਤਿਕਾਰ ਤੇ ਮਿਲਵਰਤਨ ਦੀਆਂ ਭਾਵਨਾਵਾਂ ਪ੍ਰਫੁੱਲਿਤ ਹਨ, ਉਹਨਾਂ ਪਰਿਵਾਰਾਂ ਵਿੱਚ ਹੀ ਨੈਤਿਕ ਕਦਰਾਂ ਕੀਮਤਾ ਪ੍ਰਫੁੱਲਿਤ ਹੁੰਦੀਆਂ ਹਨ। ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਗੁਰਬਾਨੀ ਵੀ ਸਹਾਈ ਹੁੰਦੀ ਹੈ। ਬਾਣੀ ਸਾਨੂੰ ਕਾਮ, ਕ੍ਰੋਧ, ਲੋਭ, ਮੋਹ, ਹਉਮੈ ਵਰਗੇ ਵਿਸ਼ੇ-ਵਿਕਾਰਾਂ ਤੋਂ ਦੂਰ ਰਹਿਣ ਤੇ ਪਿਆਰ ਦੇ ਸੁਨੇਹੇ ਵੰਡਣ ਦਾ ਸੰਦੇਸ਼ ਦਿੰਦੀ ਹੈ। ਇਹ ਨੈਤਿਕ ਕੀਮਤਾ 'ਤੇ ਚੱਲਦੇ ਹੋਏ ਅਸੀਂ ਹਉਮੈ ਮੁਕਤ ਜੀਵਨ ਬਤੀਤ ਕਰਦੇ ਹਾਂ ਤੇ ਕਿਸੇ ਦਾ ਹੱਕ ਨਹੀਂ ਖੋਹਦੇ। ਨੈਤਿਕ ਕਦਰਾਂ ਕੀਮਤਾਂ ਨਾਲ ਚਲਦਾ ਇਨਸਾਨ ਕਿਸੇ ਦਾ ਹੱਕ ਨਹੀਂ ਖੋਹਦਾ ਨਾ ਕਿਸੇ ਨਾਲ ਧੱਕਾ ਕਰਦਾ ਹੈ ਤੇ ਉਹ ਹਰ ਅਨਿਆ ਖਿਲਾਫ਼ ਢਾਲ ਬਣ ਕੇ ਖੜ੍ਹਦਾ ਹੈ। ਦੂਜਿਆ ਦੇ ਦੁੱਖ ਨੂੰ ਆਪਣਾ ਦੁੱਖ ਸਮਝ ਕੇ ਉਸ ਦਾ ਦੁੱਖ ਵੰਡਾਉਂਦਾ ਹੈ ਤੇ ਉਸ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦਾ ਹੈ। ਉਹ ਹਰ ਇਨਸਾਨ ਨੂੰ ਚਾਹੇ ਅਮੀਰ ਹੋਵੇ ਜਾਂ ਗ਼ਰੀਬ ਉਂਝ ਹੀ ਸਤਿਕਾਕ ਦਿੰਦਾ ਹੈ ਜਿਵੇਂ ਉਹ ਆਪਣੇ ਲਈ ਮੰਗਦਾ ਹੈ ਉਸ ਦੇ ਮਨ ਵਿੱਚ ਦੂਜਿਆ ਲਈ ਕਿਸੇ ਤਰ੍ਹਾਂ ਦੀ ਈਰਖਾ, ਵਿਰੋਧ ਤੇ ਭੇਦ-ਭਾਵ ਨਹੀਂ ਹੁੰਦਾ ਸਗੋਂ ਉਹ ਤਾਂ ਪਿਆਰ ਦਾ ਪੁਤਲਾ ਹੁੰਦਾ ਹੈ, ਪਰਉਪਕਾਰੀ ਹੁੰਦਾ ਹੈ। ਸਾਨੂੰ ਸਾਰਿਆ ਨੂੰ ਅਜਿਹੀਆ ਨੈਤਿਕ ਕੀਮਤਾ ਆਪਣਾਉਣੀਆਂ ਚਾਹੀਦੀਆਂ ਹਨ ਤਾਂ ਹੀ ਸਾਡੇ ਸਮਾਜ ਵਿੱਚੋਂ ਵੈਰ-ਵਿਰੋਧ ਦਾ ਖ਼ਾਤਮਾ ਹੋਵੇਗਾ ਅਤੇ ਪਿਆਰ ਤੇ ਸਤਿਕਾਰ ਦੀ ਭਾਵਨਾ ਪੈਦਾ ਹੋਵੇਗੀ।

(i) ਆਦਰਸ਼ ਮਨੁੱਖ ਦੇ ਜੀਵਨ ਦਾ ਕੀ ਆਧਾਰ ਹੈ?

(ੳ) ਵਿਚਾਰ (ਅ) ਨੈਤਿਕ ਕਦਰਾਂ ਕੀਮਤਾਂ

(ੲ) ਪੈਸਾ (ਸ) ਰਹਿਣਾ

(ii) ਸਮਾਜ ਦੀ ਮੁੱਢਲੀ ਇਕਾਈ ਕਿਹੜੀ ਹੈ?

(ੳ) ਪਰਿਵਾਰ (ਅ) ਪੈਸਾ

(ੲ) ਦੋਸਤ (ਸ) ਬਜ਼ੁਰਗ

(iii) ਨੈਤਿਕ ਕਦਰਾਂ ਕੀਮਤਾਂ ਨੂੰ ਪ੍ਰਫੁੱਲਿਤ ਕਰਨ ਵਿੱਚ ਕੀ ਸਹਾਈ ਹੈ?

(ੳ) ਗੀਤ (ਅ) ਲੋਕ-ਨਾਚ

(ੲ) ਪੜ੍ਹਾਈ (ਸ) ਗੁਰਬਾਣੀ

(iv) ਨੈਤਿਕ ਕਦਰਾਂ ਕੀਮਤਾਂ ਦੇ ਚਲਦੇ ਅਸੀਂ ਕਿਹੋ ਜਿਹਾ ਜੀਵਨ ਬਤੀਤ ਕਰ ਸਕਦੇ ਹਾਂ।

(ੳ) ਹਉਮੈ ਰਹਿਤ (ਅ) ਹਉਮੈ ਭਰਪੂਰ

(ੲ) ਖ਼ੁਸ਼ਹਾਲ (ਸ) ਦੁਖਦਾਈ

(v) ਸਾਨੂੰ ਸਾਰਿਆਂ ਨੂੰ ਕਿਹੋ ਜਿਹਾ ਜੀਵਨ ਅਪਣਾਉਣਾ ਚਾਹੀਦਾ ਹੈ?

(ੳ) ਨੈਤਿਕ ਕਦਰਾਂ ਕੀਮਤਾ ਨਾਲ ਭਰਪੂਰ (ਅ) ਨੈਤਿਕ ਕਦਰਾਂ ਕੀਮਤਾਂ ਤੋਂ ਸੱਖਣਾ

(ੲ) ਨੈਤਿਕ ਕਦਰਾਂ ਕੀਮਤਾਂ ਤੋਂ ਵੱਖਰੇਵਾ (ਸ) ਉਪਰੋਕਤ ਕੋਈ ਨਹੀਂ

(vi) ਨੈਤਿਕ ਕਦਰਾਂ ਕੀਮਤਾਂ ਅਪਣਾਉਣ ਨਾਲ ਕਿਹੜੀ ਭਾਵਨਾ ਖ਼ਤਮ ਹੋਵੇਗੀ?

(ੳ) ਪਿਆਰ ਦੀ (ਅ) ਈਰਖਾ ਦੀ

(ੲ) ਵੈਰ-ਵਿਰੋਧ ਦੀ (ਸ) ਦਰਿਆ-ਦਿਲੀ ਦੀ

(vii) ਕੌਣ ਕਿਸੇ ਦਾ ਹੱਕ ਨਹੀਂ ਖੋਹਦਾ ?

(ੳ) ਜੋ ਇਨਸਾਨ ਸੱਚਾ ਹੁੰਦਾ ਹੈ? (ਅ) ਨੈਤਿਕ ਕਦਰਾਂ ਕੀਮਤਾ 'ਤੇ ਚੱਲਣ ਵਾਲਾ

(ੲ) ਸਿਆਣਾ (ਸ) ਉਪਰੋਕਤ ਕੋਈ ਨਹੀਂ

(viii) ਨੈਤਿਕ ਕਦਰਾਂ ਕੀਮਤਾਂ 'ਤੇ ਚਲੱਣ ਵਾਲਾ ਇਨਸਾਨ ਕਿਸ ਦਾ ਫ਼ਰਕ ਨਹੀਂ ਕਰਦਾ?

(ੳ) ਆਪਣੇ-ਪਰਾਏ (ਅ) ਅਮੀਰ-ਗਰੀਬ

(ੲ) ਸੱਚ-ਝੂਠ (ਸ) ਪਿਆਰ-ਨਫ਼ਰਤ

**ਪ੍ਰ2. ਪ੍ਰਭਾਵਸ਼ਾਲੀ ਲਿਖਣ-ਕੌਸ਼ਲ** (8)

ਤੁਹਾਡੀ ਹੁਸ਼ਿਆਰਪੁਰ ਵਿਖੇ ਆੜ੍ਹਤ ਦੀ ਦੁਕਾਨ ਹੈ। ਸਮੇਂ ਤੇ ਊਰਜਾ ਦੀ ਬੱਚਤ ਲਈ ਨੇੜਲੇ ਬੈਂਕ-ਮੈਨੇਜਰ ਨੂੰ ਮੋਬਾਇਲ ਬੈਂਕਿੰਗ, ਨੈੱਟ ਬੈਂਕਿੰਗ ਤੇ ਐਮ.ਐਮ.ਐਸ ਅਲਰਟ ਸੇਵਾ ਸ਼ੁਰੂ ਕਰਨ ਲਈ ਪੱਤਰ ਲਿਖੋ।

**ਜਾਂ**

ਮੈਸਰਜ਼ ਗਰਗ ਫੋਟੋਸਟੇਟ ਹਾਊਸ ਨੇ ਸ੍ਰੀ ਅੰਮ੍ਰਿਤਸਰ ਸਾਹਿਬ ਮੈਸਰਜ਼ ਮਾਡਰਨ ਇੰਜੀਨੀਅਰ ਤਕਨਾਲੋਜੀ, ਲੁਧਿਆਣਾ ਨੂੰ ਇੱਕ ਫੋਟੋਸਟੇਟ ਮਸ਼ੀਨ ਦਾ ਆਰਡਰ ਦਿੱਤਾ ਸੀ। ਮਸ਼ੀਨ ਮਿਲਣ 'ਤੇ ਪਤਾ ਲੱਗਾ ਕਿ ਮਸ਼ੀਨ ਠੀਕ ਨਹੀਂ। ਫੋਟੋਸਟੇਟ ਕਾਪੀ ਸਾਫ਼ ਨਹੀਂ ਕੱਢਦੀ। ਇਸ ਮਸ਼ੀਨ ਨੂੰ ਠੀਕ ਕਰਾਉਣ ਬਾਰੇ ਪੱਤਰ ਲਿਖੋ।

**ਪ੍ਰ3. ਕਿਸੇ ਇੱਕ ਵਿਸ਼ੇ 'ਤੇ 125 ਤੋਂ 150 ਸ਼ਬਦਾਂ ਵਿੱਚ ਪੈਰ੍ਹਾ-ਰਚਨਾ ਕਰੋ** (7)

ਕਿੱਤੇ ਦੀ ਚੋਣ **ਜਾਂ** ਕਰ ਮਜੂਰੀ ਖਾ ਚੂਰੀ

**ਵਿਹਾਰਕ ਵਿਆਕਰਨ**

**ਪ੍ਰ4. ਵਾਕ-ਵਟਾਂਦਰਾ** (1×3=3)

ਹੇਠ ਲਿਖੇ ਵਾਕਾਂ ਵਿੱਚੋਂ ਕਿਸੇ ਤਿੰਨ ਵਾਕਾਂ ਦਾ ਬ੍ਰੈਕਟ ਵਿੱਚ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਵਾਕ-ਵਟਾਂਦਰਾ ਕਰੋ:

1) ਰਾਮ ਕਦੇ ਵੀ ਵਾਪਸ ਨਹੀਂ ਪਰਤੇਗਾ। (ਕਰਮਣੀ ਵਾਚਕ)

2) ਪੁੱਲ 'ਤੇ ਖੜਾ ਬੱਚਾ ਨਦੀ ਵਿੱਚ ਕੁੱਦ ਗਿਆ। (ਮਿਸ਼ਰਤ-ਵਾਚਕ)

3) ਮਹਾਤਮਾ ਗਾਂਧੀ ਨੂੰ ਹਰ ਕੋਈ ਜਾਣਦਾ ਹੈ। (ਪ੍ਰਸ਼ਨ-ਵਾਚਕ ਵਾਕ)

4) ਬੱਲੇ-ਬੱਲੇ ਅਸੀਂ ਮੈਚ ਜਿੱਤ ਗਏ। (ਸਧਾਰਨ-ਵਾਕ)

ਪ੍ਰ5. ਅਖਾਣ/ਅਖਾਉਤਾਂ (2×5=10)

ਹੇਠ ਲਿਖੇ ਅਖਾਣਾਂ ਵਿੱਚੋਂ ਕਿਸੇ ਪੰਜ ਅਖਾਣਾਂ ਨੂੰ ਇਸ ਤਰ੍ਹਾਂ ਵਾਕਾਂ ਵਿੱਚ ਵਰਤੋ ਕਿ ਉਹਨਾਂ ਦੀ ਸਥਿਤੀ ਸਪਸ਼ਟ ਹੋ ਜਾਵੇ

ੳ) ਅੱਗੇ ਸੱਪ ਤੇ ਪਿੱਛੇ ਸ਼ੀਂਹ

ਅ) ਆਦਰ ਤੇਰੀ ਚਾਦਰ ਨੂੰ ਬਹਿਣਾ ਤੇਰੇ ਗਹਿਣੇ ਨੂੰ

ੲ) ਸਰੈ ਭਰੋਸਾ ਵੱਡਾ ਤੋਸਾ

ਸ) ਖਿੱਦੋ ਫਰੋਲਿਆਂ ਲੀਰਾਂ ਹੀ ਨਿਕਲਦੀਆਂ ਹਨ

ਹ) ਜ਼ੋਰ ਨਾ ਚਲੀ ਬਾਬਾ ਤਿਹਾਈ

ਕ) ਸਾਰਾ ਜਾਂਦਾ ਦੇਖੀਏ ਤਾਂ ਅੱਧਾ ਦਈਏ ਵੰਡ

**ਸਾਹਿਤ (ਪਾਠ-ਪੁਸਤਕ ਅਧਾਰਿਤ ਪ੍ਰਸ਼ਨ)**

**ਪ੍ਰ6. ਹੇਠ ਦਿੱਤੀਆਂ ਗਈਆਂ ਕਾਵਿ ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ: (3+5=8)**

ਦੁਧੀਆਂ ਨਾਲ ਪਲਮਦੇ ਬੱਚੇ, ਕੰਮੀਂ ਰੁੱਝੀਆਂ ਮਾਂਵਾਂ
ਅੱਖਾਂ ਦੇ ਵਿੱਚ ਛਲਕਣ ਅੱਥਰੂ, ਹਿੱਕਾਂ ਦੇ ਵਿੱਚ ਆਹਾ
ਬੋਕਿਆਂ ਵਰਗੇ ਪੇਟ ਉਹਨਾਂ ਦੇ, ਤੁੱਕਿਆਂ ਵਰਗੇ ਗਾਟੇ
ਛਾਲੇ-ਛਾਲੇ ਹੱਥ ਉਹਨਾਂ ਦੇ, ਪੈਰ ਬਿਆਈਆਂ ਪਾਟੇ

**ਜਾਂ**

ਘੋੜੀਆਂ ਦੇ ਪੌੜ ਜਦੋਂ ਕੰਨਾਂ ਸੁਣੇ ਵਜਦੇ
ਵੇਖਣ ਨੂੰ ਨੈਣ ਆਏ ਬੂਹੇ ਵੱਲ ਭੱਜਦੇ
ਲਹੂ ਨਾ ਭਿੱਜੀ ਘੋੜੀ ਵੇਖੀ ਭੁੱਬਾਂ ਮਾਰਦੀ
ਚੁੰਮ-ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ

**ਪ੍ਰ7. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ: (1×4=4)**

ੳ) ਤਾਜ ਮਹੱਲ ਕਿਸ ਨਦੀ ਦੇ ਕਿਨਾਰੇ ਬਣਿਆ ਹੈ?

1) ਸਤਲੁਜ 2) ਸਰਸਵਤੀ 3) ਜਮਨਾ 4) ਗੰਗਾ

ਅ) 'ਟੁਕੜੀ ਜੱਗ ਤੋਂ ਨਿਆਰੀ' ਕਵਿਤਾ ਕਿਸ ਕਵੀ ਦੀ ਰਚਨਾ ਹੈ?

1) ਭਾਈ ਵੀਰ ਸਿੰਘ 2) ਪ੍ਰੋ. ਮੋਹਨ ਸਿੰਘ 3) ਪੂਰਨ ਸਿੰਘ 4) ਨੰਦ ਲਾਲ ਨੂਰਪੁਰੀ

ੲ) ਚਸ਼ਮੇ, ਨਾਲੇ, ਨਦੀਆਂ ਅਤੇ ਝੀਲਾਂ ਕਿਸ ਤਰ੍ਹਾਂ ਦੇ ਜਾਪ ਰਹੇ ਸਨ?

1) ਛੱਪੜ ਵਾਂਗ 2) ਨਿੱਕੇ ਸਮੁੰਦਰਾਂ ਵਾਂਗ 3) ਖਾਲ ਵਾਂਗ 4) ਵੱਡੇ ਸਮੁੰਦਰਾਂ ਵਾਂਗ

ਸ) 'ਤਾਜ-ਮਹੱਲ' ਕਵਿਤਾ ਵਿੱਚ ਕਵੀ ਦੀ ਹੈਰਤ ਕਿਉਂ ਵਧਦੀ ਜਾਂਦੀ ਹੈ?

1) ਜਮਨਾ ਨਦੀ ਵੇਖ ਕੇ 2) ਮੁਗਲਾਂ ਦਾ ਹੁਨਰ ਵੇਖ ਕੇ 3) ਬਾਗ-ਬਗੀਚੇ ਵੇਖ ਕੇ ਸ) ਪਰਛਾਵਾਂ ਵੇਖ ਕੇ

**ਕਹਾਣੀਆਂ ਵਿੱਚੋਂ**

**ਪ੍ਰ8.** 'ਨੀਲੀ' ਕਹਾਣੀ ਦਾ ਸਾਰ 125 ਤੋਂ 150 ਸ਼ਬਦਾਂ ਵਿੱਚ ਲਿਖੋ।

**ਜਾਂ**

'ਸਾਂਝ' ਕਹਾਣੀ ਦੇ ਅਧਾਰ ਤੇ ਬੁੱਢੀ ਮਾਈ ਦਾ ਚਰਿੱਤਰ 125 ਤੋਂ 150 ਸ਼ਬਦਾਂ ਵਿੱਚ ਆਪਣੇ ਸ਼ਬਦਾਂ ਵਿੱਚ ਲਿਖੋ।

**ਪ੍ਰ9. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਲਿਖੋ:** **(1×5=5)**

ੳ) ਸਾਇਕਲ-ਕਾਲ ਕਾਹਦਾ ਸੂਚਕ ਹੈ?

1) ਅਮੀਰੀ ਦਾ 2) ਘੁੰਮਡ ਦਾ 3) ਗਰੀਬੀ ਦਾ 4) ਨਿਮਰਤਾ ਦਾ

ਅ) 'ਸਾਂਝ' ਕਹਾਣੀ ਦਾ ਮੁੱਖ ਪਾਤਰ ਕੀ ਕੰਮ ਕਰਦਾ ਸੀ?

1) ਵਕੀਲ 2) ਪ੍ਰੋਫੈਸਰ 3) ਅਧਿਆਪਕ 4) ਬੈਂਕ ਮੈਨੇਜਰ

ੲ) ਨੀਲੀ ਕਿੰਨੇ ਦਿਨ ਦੀ ਭੁੱਖੀ ਸੀ?

1) ਤਿੰਨ ਦਿਨ 2) ਪੰਜ ਦਿਨ 3) ਦੋ ਦਿਨ 4) ਇੱਕ ਦਿਨ

ਸ) ਗਾਗਰ ਕਿਹੜੀ ਧਾਤ ਦੀ ਬਣੀ ਹੋਈ ਸੀ?

1) ਚਾਂਦੀ ਦੀ 2) ਤਾਂਬੇ ਦੀ 3) ਸਟੀਲ ਦੀ 4) ਪਿੱਤਲ ਦੀ

ਹ) ਟਾਹਲੀ ਦੇ ਰੁੱਖ ਤੇ ਕਿਹੜਾ ਪੰਛੀ ਬੈਠਾ ਸੀ? 'ਸਾਂਝ' ਕਹਾਣੀ ਦੇ ਅਧਾਰ 'ਤੇ ਦੱਸੋ।

1) ਚਿੜੀ 2) ਕੋਇਲ 3) ਘੁੱਗੀ 4) ਤੋਤਾ

**ਪ੍ਰ10. ਹੇਠ ਦਿੱਤੇ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 25 ਤੋਂ 30 ਸ਼ਬਦਾਂ ਵਿੱਚ ਲਿਖੋ:** **(2×4=8)**

ੳ) 'ਸਾਂਝ' ਕਹਾਣੀ ਵਿਚਲਾ ਮੁੱਖ ਪਾਤਰ ਕਿਹੋ ਜਹੇ ਸੁਭਾਅ ਦਾ ਮਾਲਕ ਸੀ?

ਅ) ਨੀਲੀ ਦੀ ਵੱਛੀ ਕਿਉਂ ਮਰ ਗਈ ਸੀ?

ੲ) ਲੇਖਕ ਦੀ ਤ੍ਰੀਮਤ ਨੇ ਗਵਾਲੇ ਨਾਲ ਕਿਹੜੀਆਂ-ਕਿਹੜੀਆਂ ਸ਼ਰਤਾਂ ਤੈਅ ਕੀਤੀਆਂ ਸਨ?

ਸ) ਪ੍ਰੋਫੈਸਰ ਬੁੱਢੀ ਮਾਈ ਨੂੰ ਪੈਸੇ ਨਾ ਦੇ ਸਕਣ ਦੇ ਕੀ-ਕੀ ਕਾਰਨ ਸੋਚਦਾ ਹੈ?

ਹ) ਗੁਆਲੇ ਦੇ ਟੋਕਰੀ ਚੁੱਕ ਕੇ ਲੈ ਜਾਣ ਤੋਂ ਬਾਅਦ ਲੇਖਕ ਨੇ ਨੀਲੀ ਦੇ ਮਨ ਦੀ ਹਾਲਤ ਕਿਵੇਂ ਬਿਆਨ ਕੀਤੀ ਹੈ?

**ਪੰਜਾਬੀ ਸਭਿਆਚਾਰ ਦੀ ਜਾਣ-ਪਛਾਣ**

**ਪ੍ਰ11. ਹੇਠ ਲਿਖੇ ਬਹੁ-ਵਿਕਲਪੀ ਪ੍ਰਸ਼ਨਾਂ ਦੇ ਉੱਤਰ ਚੁਣ ਕੇ ਲਿਖੋ:** **(1×5=5)**

ੳ) ਸ਼ੀਤਲਾ ਦੇਵੀ ਦਾ ਵਾਹਨ ਕਿਹੜਾ ਹੈ?

1) ਚੂਹਾ ਅ) ਘੋੜਾ ੲ) ਖੋਤਾ ਸ) ਗਰੜ

ਅ) ਪੰਜਾਬ ਵਿੱਚ ਲੁਧਿਆਣਾ ਵਿਖੇ ਕਿਸ ਕਵੀ ਦੀ ਯਾਦ ਵਿੱਚ ਮੇਲਾ ਲਗਦਾ ਹੈ?

1) ਸ਼ਾਹ ਹੁਸੈਨ ਦੀ 2) ਸ਼ਿਵ ਕੁਮਾਰ ਬਟਾਲਵੀ ਦੀ 3) ਵਾਰਸ ਸ਼ਾਹ ਦੀ 4) ਪ੍ਰੋ. ਮੋਹਨ ਸਿੰਘ ਦੀ

ੲ) ਮਾਘੀ ਦਾ ਮੇਲਾ ਕਿੱਥੇ ਮਨਾਇਆ ਜਾਂਦਾ ਹੈ?

1) ਮੁਕਤਸਰ ਵਿੱਚ 2) ਬਟਾਲੇ ਵਿੱਚ 3) ਅਨੰਦਪੁਰ ਸਾਹਿਬ ਵਿੱਚ 4) ਜਲੰਧਰ ਵਿੱਚ

ਸ) ਮੁੱਢਲੇ ਮਨੁੱਖ ਨੂੰ ਜ਼ਿਆਦਾ ਭੈਅ ਕਿਸ ਦਾ ਸੀ?

1) ਠੰਢ ਦਾ 2) ਗਰਮੀ ਦਾ 3) ਦੈਵੀ ਤਾਕਤਾਂ ਦਾ 4) ਮੀਂਹ ਦਾ

ਹ) ਘੋੜੀ ਚੜ੍ਹਨ ਸਮੇਂ ਲਾੜੇ ਨੂੰ ਸੁਰਮਾ ਕੌਣ ਪਾਉਂਦਾ ਹੈ?

1) ਨੈਣ 2) ਲਾੜੇ ਦੀ ਮਾਂ 3) ਲਾੜੇ ਦੀ ਮਾਸੀ 4) ਲਾੜੇ ਦੀ ਭਰਜਾਈ

**ਪ੍ਰ12. ਹੇਠ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 70 ਤੋਂ 80 ਸ਼ਬਦਾਂ ਵਿੱਚ ਲਿਖੋ।** (4×2=8)

ੳ) ਪੰਜਾਬ ਦੀਆਂ ਰਸਮਾਂ ਕਿਹੜੇ-ਕਿਹੜੇ ਮੌਕਿਆਂ ਨਾਲ ਸੰਬੰਧਿਤ ਹਨ? ਮੌਤ ਦੇ ਸਮੇਂ ਦੀਆਂ ਰਸਮਾਂ ਬਾਰੇ ਜਾਣਕਾਰੀ ਦਿਓ।

ਅ) ਪੰਜਾਬ ਦੇ ਮੇਲਿਆਂ ਦਾ ਵੇਰਵਾ ਦਿੰਦੇ ਹੋਏ ਕਿਸੇ ਇੱਕ ਮੇਲੇ ਬਾਰੇ ਵਿਸਥਾਰ ਨਾਲ ਲਿਖੋ।

ੲ) ਪੁਰਾਤਨ ਸਮੇਂ ਮੁੰਡੇ-ਕੁੜੀ ਦੇ ਜਨਮ 'ਤੇ ਰਸਮਾਂ-ਰਿਵਾਜਾਂ ਵਿੱਚ ਕਾਫੀ ਵਖਰੇਵਾਂ ਸੀ ਪਰ ਅੱਜ-ਕੱਲ੍ਹ ਇਹ ਵਿਤਕਰਾ ਘੱਟ ਰਿਹਾ ਹੈ। ਕਿਵੇਂ?